بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤੌਹੀਦਿ ਇਲਾਹੀ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 27 ਫ਼ਰਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਸਾਰੇ ਨਬੀ ਦੁਨੀਆ ਵਿੱਚ **ਤੌਹੀਦ** ਦੇ ਕ਼ਿਆਮ ਦੇ ਲਈ ਆਏ ਹਨ ਅਤੇ ਉਨ੍ਹਾਂ ਨੇ ਆਪਣੀਆਂ ਕ਼ੌਮਾਂ ਨੂੰ ਇਸ ਦੀ ਤਾਲੀਮ ਦਿੱਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਵੀ ਇਸੇ **ਪੈਗ਼ਾਮ** ਨੂੰ ਲੈ ਕੇ ਆਏ, ਇਸੇ ਕੰਮ ਨੂੰ ਜਾਰੀ ਰੱਖਣ ਦੇ ਲਈ ਆਏ। ਆਪ ﷺ ਨੇ ਸ਼ਿਰਕ ਦੇ ਖ਼ਿਲਾਫ਼ ਜੇਕਰ ਜਿਹਾਦ ਕੀਤਾ ਤਾਂ ਬਗ਼ੈਰ ਦਲੀਲ ਦੇ ਨਹੀਂ ਬਲਕਿ ਸ਼ਿਰਕ ਦੀ ਬੁਰਾਈ ਸਮਝਾਈ ਅਤੇ ਉਸ ਨੂੰ ਸਮਝਾ ਕੇ ਉਸਦੇ ਖ਼ਿਲਾਫ਼ ਨਫ਼ਰਤ ਪੈਦਾ ਕੀਤੀ। ਆਪ ﷺ ਦੀ ਇਹ ਤਾਲੀਮ ਜਿਸ ਨੇ ਆਪ ﷺ ਦੇ ਮੰਨਣ ਵਾਲਿਆਂ 'ਤੇ ਅਸਰ ਕੀਤਾ ਇਸ ਲਈ ਪੁਰ ਅਸਰ ਸੀ ਕਿ ਖ਼ੁਦ ਆਪ ﷺ ਦੀ ਹਰ **ਕਥਨੀ** ਅਤੇ **ਕਰਨੀ** ਇਸ ਦੀ ਹਕ਼ੀਕ਼ੀ ਤਸਵੀਰ ਸੀ। ਆਪ ﷺ ਨੂੰ ਫ਼ਿਕਰ ਸੀ ਕਿ ਜਿਸ ਤਰ੍ਹਾਂ ਦੂਸਰੀਆਂ ਕ਼ੌਮਾਂ ਨੇ ਆਪਣੇ ਨਬੀਆਂ ਦੀਆਂ ਕ਼ਬਰਾਂ ਨੂੰ ਸਜਦੇ ਦੀ ਜਗ੍ਹਾ ਬਣਾ ਲਿਆ ਹੈ। ਮੁਸਲਿਮ ਉੱਮਤ ਵਿੱਚ ਵੀ ਇਹ ਖ਼ੌਫ਼ਨਾਕ ਗੁਨਾਹ ਪੈਦਾ ਨਾ ਹੋ ਜਾਵੇ। ਕ਼ੁਰਆਨ ਕਰੀਮ ਵਿੱਚ ਬਾਰ-ਬਾਰ ਵੱਖ-ਵੱਖ ਪਹਿਲੂਆਂ ਨਾਲ ਸਾਨੂੰ ਤੌਹੀਦ ਦੀ ਤਾਲੀਮ ਦਿੱਤੀ ਗਈ ਹੈ।

ਜਿਵੇਂ ਕਿ ਅੱਲਾਹ ਤਆਲਾ ਸੂਰਹ ਅੰਬਿਯਾ ਵਿੱਚ ਫ਼ਰਮਾਉਂਦਾ ਹੈ:

وَمَآ اَرۡسَلۡنَا مِنۡ قَبۡلِکَ مِنۡ رَّسُوۡلٍ اِلَّا نُوۡحِیۡۤ اِلَیۡہِ اَنَّہٗ لَاۤ اِلٰہَ اِلَّاۤ اَنَا فَاعۡبُدُوۡنِ ۞

ਅਤੇ ਅਸੀਂ ਤੇਰੇ ਤੋਂ ਪਹਿਲਾਂ ਕਦੀ ਕੋਈ ਰਸੂਲ ਨਹੀਂ ਭੇਜਿਆ ਪਰ ਅਸੀਂ ਉਸ ਦੇ ਵੱਲ ਵਹੀ ਕਰਦੇ ਸਾਂ ਕਿ ਯਕ਼ੀਨਨ ਮੇਰੇ ਸਿਵਾ ਕੋਈ ਇਬਾਦਤ ਦੇ ਲਾਇਕ਼ ਨਹੀਂ, ਬਸ ਮੇਰੀ ਹੀ ਇਬਾਦਤ ਕਰੋ।

ਕ਼ੁਰਆਨ ਕਰੀਮ ਦੇ ਆਖ਼ਿਰ ਵਿੱਚ ਅੱਲਾਹ ਤਆਲਾ ਆਪਣੀ ਤੌਹੀਦ ਦਾ ਐਲਾਨ ਫ਼ਰਮਾਉਂਦਾ ਹੈ:

قُلۡ ہُوَ اللّٰہُ اَحَدٌ ۞ اَللّٰہُ الصَّمَدُ ۞ لَمۡ یَلِدۡ ۬ۙ وَ لَمۡ یُوۡلَدۡ ۞ وَ لَمۡ یَکُنۡ لَّہٗ کُفُوًا اَحَدٌ ۞

ਤੂੰ ਕਹਿ ਦੇ ਕਿ ਉਹ ਅੱਲਾਹ **ਇੱਕ** ਹੈ। ਅੱਲਾਹ ਕਿਸੇ ਦਾ **ਮੁਹਤਾਜ** ਨਹੀਂ। ਨਾ ਉਸਨੇ ਕਿਸੇ ਨੂੰ **ਜਣਿਆ** ਹੈ ਅਤੇ ਨਾ ਉਹ **ਜਣਿਆ** ਗਿਆ ਹੈ। ਅਤੇ ਉਸ ਦਾ ਕਦੀ ਕੋਈ **ਸਾਨੀ** ਨਹੀਂ ਹੋਇਆ। ਅੱਲਾਹ ਤਆਲਾ ਨੇ ਇੱਥੇ ਹਰ ਕ਼ਿਸਮ ਦੇ ਸ਼ਿਰਕ ਦੇ ਰੱਦ ਦਾ ਐਲਾਨ ਕੀਤਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਫ਼ਿਤਰਤ ਐਸੀ ਪਾਕੀਜ਼ਾ ਸੀ ਕਿ ਤੌਹੀਦ ਦੀ ਮੁਹੱਬਤ ਆਪ ﷺ ਦੀਆਂ ਰਗਾਂ ਵਿੱਚ ਉਤਾਰੀ ਗਈ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਕੁੱਝ ਵਾਕ਼ਿਆਤ ਪੇਸ਼ ਕਰਦਾ ਹਾਂ।

ਹਜ਼ਰਤ ਉੱਮਿ ਐਮਨ ਰਜ਼ਿ ਅੱਲਾਹੁ ਅਨਹਾ ਬਿਆਨ ਕਰਦੀ ਹਨ ਕਿ **ਬੁਵਾਨਾ** ਨਾਮੀ ਇੱਕ ਬੁੱਤ ਸੀ। ਜਿਸ ਦੀ ਕੁਰੈਸ਼ ਬਹੁਤ ਇੱਜ਼ਤ ਕਰਦੇ ਸਨ ਅਤੇ ਉਸ ਦੇ ਕੋਲ ਹਾਜ਼ਰੀ ਦਿੰਦੇ ਸਨ। ਅਬੂ ਤਾਲਿਬ ਵੀ ਉੱਥੇ ਆਪਣੀ ਕ਼ੌਮ ਦੇ ਨਾਲ ਜਾਂਦੇ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਵੀ ਨਾਲ ਲੈ ਜਾਣਾ ਚਾਹੁੰਦੇ ਪਰ ਆਪ ﷺ ਇਨਕਾਰ ਕਰ ਦਿੰਦੇ। ਇੱਕ ਵਾਰ ਆਪ ﷺ ਆਪਣੀਆਂ ਫੂਫੀਆਂ ਦੇ ਬਹੁਤ ਜ਼ੋਰ ਦੇਣ 'ਤੇ ਉੱਥੇ ਚਲੇ ਗਏ ਪਰ ਸਖ਼ਤ ਭੈ ਭੀਤ ਹੋ ਕੇ ਵਾਪਿਸ ਆ ਗਏ। ਕਿਹਾ ਕਿ ਮੈਂ ਉੱਥੇ ਇੱਕ ਅਜੀਬ ਮੰਜ਼ਰ ਦੇਖਿਆ ਹੈ। ਜਿਵੇਂ ਹੀ ਮੈਂ ਬੁੱਤ ਦੇ ਕ਼ਰੀਬ ਜਾਣ ਲੱਗਦਾ ਹਾਂ ਤਾਂ ਇੱਕ **ਸਫ਼ੈਦ ਪੋਸ਼ ਸ਼ਖ਼ਸ** ਚੀਕ ਕੇ ਕਹਿੰਦਾ ਹੈ ਕਿ ਐ ਮੁਹੰਮਦ! ਪਿੱਛੇ ਰਹਿ ਅਤੇ ਇਸ ਬੁੱਤ ਨੂੰ ਨਾ ਛੂਹ।

ਬਅਸਤ ਤੋਂ ਪਹਿਲਾਂ ਖ਼ੁਦਾਇ ਵਾਹਿਦ ਦੀ ਇਬਾਦਤ ਦੇ ਲਈ ਆਪ ﷺ **ਗ਼ਾਰਿ ਹਿਰਾ** ਵਿੱਚ ਜਾਇਆ ਕਰਦੇ ਸਨ ਜਿਹੜੀ ਮੱਕਾ ਤੋਂ ਤਿੰਨ ਮੀਲ ਦੇ ਫ਼ਾਸਲੇ 'ਤੇ ਹੈ। ਅੱਜ ਕੱਲ ਉਸ ਨੂੰ **ਜਬਲਿ ਨੂਰ** ਕਹਿੰਦੇ ਹਨ। ਨਬੀ ਕਰੀਮ ﷺ ਜਦ 40 ਸਾਲ ਦੇ ਹੋਏ, ਇੱਕ ਦਿਨ ਜਿਬਰਾਈਲ ਅਲੈਹਿੱਸ੍ ਸਲਾਮ ਆਏ ਅਤੇ ਨਬੀ ਕਰੀਮ ﷺ 'ਤੇ ਸਭ ਤੋਂ ਪਹਿਲੀ ਵਹੀ ਨਾਜ਼ਿਲ ਹੋਈ। ਪਹਿਲੀ ਵਹੀ ਦੇ ਨਾਲ ਹੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਲੋਕਾਂ ਨੂੰ ਤੌਹੀਦ ਦੇ ਵੱਲ ਬੁਲਾਉਣਾ ਸ਼ੁਰੂ ਕੀਤਾ ਅਤੇ ਸ਼ਿਰਕ ਦੇ ਖ਼ਿਲਾਫ਼ ਤਾਲੀਮ ਦੇਣ ਲੱਗੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਸਾਡੇ ਨਬੀ ਸੱਚਾਈ ਦੇ ਇਜ਼ਹਾਰ ਦੇ ਲਈ ਇੱਕ **ਮੁਜੱਦਿਦਿ ਆਜ਼ਮ** ਸਨ ਜਿਹੜੇ ਗੁੰਮ ਹੋ ਚੁੱਕੀ ਸੱਚਾਈ ਨੂੰ ਦੁਬਾਰਾ ਦੁਨੀਆ ਵਿੱਚ ਲਿਆਏ। ਇਸ ਫ਼ਖ਼ਰ ਵਿੱਚ ਸਾਡੇ ਨਬੀ ਦੇ ਨਾਲ ਕੋਈ ਵੀ ਨਬੀ ਸ਼ਰੀਕ ਨਹੀਂ ਕਿ ਆਪ ﷺ ਨੇ ਤਮਾਮ ਦੁਨੀਆ ਨੂੰ ਇੱਕ ਹਨੇਰੇ ਵਿੱਚ ਦੇਖਿਆ ਅਤੇ ਫਿਰ ਆਪ ﷺ ਦੇ ਜ਼ਹੂਰ ਨਾਲ ਉਹ ਹਨੇਰਾ **ਨੂਰ** ਵਿੱਚ ਬਦਲ ਗਿਆ। ਜਿਸ ਕ਼ੌਮ ਵਿੱਚ ਆਪ ﷺ ਜ਼ਾਹਿਰ ਹੋਏ, ਆਪ ﷺ ਫ਼ੌਤ ਨਾ ਹੋਏ ਜਦ ਤੱਕ ਕਿ ਉਸ ਤਮਾਮ ਕ਼ੌਮ ਨੇ ਸ਼ਿਰਕ ਦਾ ਚੋਲ਼ਾ ਲਾਹ ਕੇ ਤੌਹੀਦ ਦਾ ਜਾਮਾ ਨਾ ਪਹਿਨ ਲਿਆ ਅਤੇ ਨਾ ਸਿਰਫ਼ ਇਸ ਕ਼ਦਰ ਬਲਕਿ ਉਹ ਲੋਕ ਉੱਚੇ ਮਰਤਬੇ ਦੇ ਇਮਾਨ ਨੂੰ ਪਹੁੰਚ ਗਏ ਅਤੇ ਉਹ ਕੰਮ **ਸਿਦਕ਼** ਅਤੇ **ਵਫ਼ਾ** ਅਤੇ **ਯਕ਼ੀਨ** ਦੇ ਉਨ੍ਹਾਂ ਤੋਂ ਜ਼ਾਹਿਰ ਹੋਏ ਕਿ ਜਿਸ ਦੀ ਮਿਸਾਲ ਦੁਨੀਆ ਦੇ ਕਿਸੇ ਹਿੱਸੇ ਵਿੱਚ ਪਾਈ ਨਹੀਂ ਜਾਂਦੀ। ਇਹ ਕਾਮਯਾਬੀ ਅਤੇ ਇਸ ਕ਼ਦਰ ਕਾਮਯਾਬੀ ਕਿਸੇ ਨਬੀ ਨੂੰ ਸਿਵਾਏ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਸੀਬ ਨਹੀਂ ਹੋਈ। ਇਹੀ ਇੱਕ ਵੱਡੀ ਦਲੀਲ ਹੈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਨਬੁੱਵਤ 'ਤੇ ਕਿ ਆਪ ﷺ ਇੱਕ ਅਜਿਹੇ ਜ਼ਮਾਨੇ ਵਿੱਚ ਮਬਊਸ ਹੋਏ ਜਦਕਿ ਜ਼ਮਾਨਾ ਨਿਹਾਇਤ ਦਰਜੇ ਦੇ ਹਨੇਰੇ ਵਿੱਚ ਪਿਆ ਹੋਇਆ ਸੀ। ਫਿਰ ਆਪ ﷺ ਨੇ ਅਜਿਹੇ ਵਕ਼ਤ ਵਿੱਚ ਦੁਨੀਆ ਤੋਂ ਚਲਾਣਾ ਕੀਤਾ ਕਿ ਜਦ ਲੱਖਾਂ ਇਨਸਾਨ **ਸ਼ਿਰਕ** ਅਤੇ **ਬੁੱਤ ਪ੍ਰਸਤੀ** ਨੂੰ ਛੱਡ ਕੇ **ਤੌਹੀਦ** ਅਤੇ **ਰਹਿਰਾਸ** (ਰਾਹਿ ਰਾਸ੍ਤ راہِ راست) ਇਖ਼ਤਿਆਰ ਕਰ ਚੁੱਕੇ ਸਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਨਬੀ ﷺ ਰੂਹਾਨੀਅਤ ਕ਼ਾਇਮ ਕਰਨ ਦੇ ਲਿਹਾਜ਼ ਨਾਲ ਦੂਸਰੇ ਆਦਮ ਸਨ ਬਲਕਿ ਹਕ਼ੀਕ਼ੀ ਆਦਮ ਉਹੀ ਸਨ ਜਿਨ੍ਹਾਂ ਦੇ ਜ਼ਰੀਏ ਤਮਾਮ ਇਨਸਾਨੀ ਫ਼ਜ਼ਾਇਲ ਕਮਾਲ ਨੂੰ ਪਹੁੰਚੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅਫ਼ਸੋਸ ਕਿ ਅੱਜ ਉੱਮਤਿ ਮੁਹੰਮਦਿੱਯਾ ਵੀ ਤੌਹੀਦ ਦੇ ਸਨਮਾਨ ਨੂੰ ਭੁੱਲਦੀ ਜਾ ਰਹੀ ਹੈ ਜਿਸ ਦੀ **ਤਲਕ਼ੀਨ** ਸਾਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਈ ਸੀ। ਖ਼ਾਲਿਸ ਤੌਹੀਦ ਨੂੰ ਭੁੱਲਣ ਦੀ ਵਜ੍ਹਾ ਨਾਲ ਅੱਲਾਹ ਤਆਲਾ ਦੀਆਂ ਸਿਫਤਾਂ 'ਤੇ ਵੀ ਉਹ ਖ਼ਾਲਿਸ ਇਮਾਨ ਨਹੀਂ ਰਿਹਾ ਜਿਹੜਾ ਇੱਕ ਮੁਸਲਮਾਨ ਦਾ ਖ਼ਾਸਾ ਹੋਣਾ ਚਾਹੀਦਾ ਹੈ। ਅਜਿਹੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਨੂੰ ਮੰਨਣ ਵਾਲਿਆਂ ਦਾ ਕੰਮ ਹੈ ਕਿ ਤੌਹੀਦ ਨੂੰ ਸਮਝਣ ਅਤੇ ਆਪਣੇ ਅੰਦਰ ਖ਼ਾਸ ਤਬਦੀਲੀਆਂ ਪੈਦਾ ਕਰਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਹ ਇਬਾਦਤ ਦਾ ਖ਼ਾਸ ਮਹੀਨਾ ਹੈ। ਰਮਜ਼ਾਨ ਵਿੱਚ ਇਸ ਦੇ ਲਈ ਖ਼ਾਸ ਤੌਰ 'ਤੇ **ਕੋਸ਼ਿਸ਼** ਕਰਨੀ ਚਾਹੀਦੀ ਹੈ ਅਤੇ ਇਸ ਦੇ ਲਈ **ਦੁਆ** ਕਰਨੀ ਚਾਹੀਦੀ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਸਾਰੀ ਜ਼ਿੰਦਗੀ ਵਿੱਚ ਜਿਸ ਤਰ੍ਹਾਂ ਤੌਹੀਦ ਦੇ ਕ਼ਿਆਮ ਦੇ ਲਈ ਕੋਸ਼ਿਸ਼ ਕੀਤੀ, ਜੇਕਰ ਸਾਨੂੰ ਆਪ ﷺ ਨਾਲ ਮੁਹੱਬਤ ਦਾ ਦਾਅਵਾ ਹੈ ਤਾਂ ਸਾਨੂੰ ਇਸ ਦੇ ਲਈ ਖ਼ਾਸ ਕੋਸ਼ਿਸ਼ ਕਰਨੀ ਪਵੇਗੀ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਕੁਰਆਨ ਕਰੀਮ ਵਿੱਚ ਅੱਲਾਹ ਤਆਲਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਫ਼ਰਮਾਉਂਦਾ ਹੈ ਕਿ ਐ ਮੁਹੰਮਦ! ਤੂੰ ਦੁਨੀਆ ਦੇ ਕੋਨੇ ਕੋਨੇ ਦੇ ਲੋਕਾਂ ਨੂੰ ਡਰਾ

ਲੇਕਿਨ ਪਹਿਲੇ ਆਪਣੇ ਰਿਸ਼ਤੇਦਾਰਾਂ ਨੂੰ ਡਰਾ ਇਸ ਲਈ ਕਿ ਉਨ੍ਹਾਂ ਦਾ ਤੇਰੇ ‘ਤੇ **ਦੋਹਰਾ ਹੱਕ** ਹੈ। ਚੁਨਾਂਚਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹੁਕਮ ਦੀ ਤਾਮੀਲ ਵਿੱਚ ਮੱਕਾ ਦੇ ਦਸਤੂਰ ਦੇ ਮੁਤਾਬਿਕ਼ **ਸਫ਼ਾ** ਪਹਾੜ ‘ਤੇ ਖੜੇ ਹੋ ਕੇ ਵੱਖ-ਵੱਖ ਕ਼ਬੀਲਿਆਂ ਦਾ ਨਾਮ ਲੈ ਕੇ ਬੁਲਾਉਣਾ ਸ਼ੁਰੂ ਕੀਤਾ। ਜਦ ਮੱਕੇ ਦੇ ਲੋਕ ਜਮ੍ਹਾ ਹੋ ਗਏ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਦੇਖੋ ਜੇਕਰ ਮੈਂ ਤੁਹਾਨੂੰ ਇਹ ਕਹਾਂ ਕਿ ਇਸ ਪਹਾੜ ਦੇ ਪਿੱਛੇ ਇੱਕ ਬਹੁਤ ਵੱਡਾ ਲਸ਼ਕਰ ਜਮ੍ਹਾ ਹੈ ਜਿਹੜਾ ਤੁਹਾਡੇ ‘ਤੇ ਹਮਲਾ ਕਰਨਾ ਚਾਹੁੰਦਾ ਹੈ ਤਾਂ ਕੀ ਤੁਸੀਂ ਮੇਰੀ ਗੱਲ ਮੰਨੋਗੇ? ਉਨ੍ਹਾਂ ਨੇ ਕਿਹਾ ਕਿ ਕਿਉਂ ਨਹੀਂ, ਅਸੀਂ ਆਪ ﷺ ਦੀ ਗੱਲ ਮੰਨਾਂਗੇ ਕਿਉਂਕਿ ਅਸੀਂ ਹਮੇਸ਼ਾ ਆਪ ﷺ ਨੂੰ ਰਾਸਤਬਾਜ਼ ਯਾਨੀ ਸੱਚਾ ਪਾਇਆ ਹੈ। ਇਸ ‘ਤੇ ਆਪ ﷺ ਨੇ ਫ਼ਰਮਾਇਆ: ਲੋਕੋ ਸੁਣੋ ਮੈਂ ਤੁਹਾਨੂੰ ਇੱਕ ਅਹਿਮ ਖ਼ਬਰ ਦਿੰਦਾ ਹਾਂ। ਮੈਨੂੰ ਅੱਲਾਹ ਤਆਲਾ ਵੱਲੋਂ **ਰਸੂਲ** ਬਣਾ ਕੇ ਭੇਜਿਆ ਗਿਆ ਹੈ। ਤੁਸੀਂ ਜੇਕਰ ਅੱਲਾਹ ਤਆਲਾ ਦੇ ਅਜ਼ਾਬ ਤੋਂ ਮਹਿਫ਼ੂਜ਼ ਰਹਿਣਾ ਚਾਹੁੰਦੇ ਹੋ ਤਾਂ ਮੇਰੀ ਪੈਰਵੀ ਕਰੋ। ਆਪ ﷺ ਦਾ ਇਹ ਕਹਿਣਾ ਸੀ ਕਿ ਅਬੂ ਲਹਬ ਜੋਸ਼ ਨਾਲ਼ ਕਹਿਣ ਲੱਗਾ ਕਿ ਨਊਜ਼ੁਬਿੱਲਾਹ ਤੇਰੇ ‘ਤੇ ਹਲਾਕਤ ਹੋਵੇ। ਇੰਨੀ ਜਿਹੀ ਗੱਲ ਦੇ ਲਈ ਤੂੰ ਸਾਨੂੰ ਇਕੱਠਾ ਕੀਤਾ ਹੈ। ਇਸੇ ਤਰ੍ਹਾਂ ਦੂਸਰੇ ਲੋਕ ਮਜ਼ਾਕ਼ ਉਡਾਉਂਦੇ ਹੋਏ ਚਲੇ ਗਏ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ਸਲਾਮ ਫ਼ਰਮਾਉਂਦੇ ਹਨ: ਇੱਕ **ਨਬੀ** ਯਾ **ਰਸੂਲ** ਖ਼ੁਦਾ ਦੇ ਵੱਲੋਂ ਮਬਊਸ ਹੁੰਦਾ ਹੈ ਅਤੇ ਉਸਦਾ ਫ਼ਿਰਕ਼ਾ ਲੋਕਾਂ ਨੂੰ **ਹੋਣਹਾਰ** ਅਤੇ **ਰਾਸਤਬਾਜ਼** ਅਤੇ **ਬਾ-ਹਿੰਮਤ** ਅਤੇ **ਤਰੱਕ਼ੀ** ਕਰਨ ਵਾਲ਼ਾ ਦਿਖਾਈ ਦਿੰਦਾ ਹੈ ਤਾਂ ਉਸ ਦੀ ਨਿਸਬਤ ਮੌਜੂਦਾ ਕ਼ੌਮਾਂ ਅਤੇ ਫ਼ਿਰਕ਼ਿਆਂ ਦੇ ਦਿਲਾਂ ਵਿੱਚ ਜ਼ਰੂਰ ਇੱਕ ਕ਼ਿਸਮ ਦਾ **ਕਪਟ** ਅਤੇ **ਈਰਖਾ** ਪੈਦਾ ਹੋ ਜਾਂਦੀ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵਕ਼ਤ ਵਿੱਚ **ਮੁਸ਼ਰਿਕਾਂ** ਅਤੇ **ਯਹੂਦੀਆਂ** ਅਤੇ **ਇਸਾਈਆਂ** ਦੇ ਵਿਦਵਾਨਾਂ ਨੂੰ ਹੱਕ ਦੇ ਕ਼ਬੂਲ ਕਰਨ ਤੋਂ ਵਾਂਝਾ ਰੱਖਿਆ ਬਲਕਿ ਸਖ਼ਤ ਦੁਸ਼ਮਣੀ ‘ਤੇ ਆਮਾਦਾ ਕੀਤਾ। ਇਸ ਲਈ ਉਹ ਇਹ ਫ਼ਿਕਰ ਵਿੱਚ ਲੱਗ ਗਏ ਕਿ ਕਿਸ ਤਰ੍ਹਾਂ ਇਸਲਾਮ ਨੂੰ ਦੁਨੀਆ ਤੋਂ ਮਿਟਾ ਦੇਣ ਅਤੇ ਕਿਉਂਕਿ ਮੁਸਲਮਾਨ ਇਸਲਾਮ ਦੇ ਸ਼ੁਰੂਆਤੀ ਜ਼ਮਾਨੇ ਵਿੱਚ ਥੋੜੇ ਸਨ ਇਸ ਲਈ ਉਨ੍ਹਾਂ ਦੇ ਵਿਰੋਧੀਆਂ ਨੇ ਮੁਸਲਮਾਨਾਂ ਯਾਨੀ ਸਹਾਬਾ ਨਾਲ਼ ਸਖ਼ਤ ਦੁਸ਼ਮਣੀ ਦਾ ਵਰਤਾਓ ਕੀਤਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ: ਜਦ ਮੁਖ਼ਾਲਫ਼ਤ ਤੇਜ਼ ਹੋ ਗਈ ਅਤੇ ਨਬੀ ਕਰੀਮ ﷺ ਅਤੇ ਆਪ ﷺ ਦੇ ਸਹਾਬਾ ਨੇ ਮੱਕਾ ਵਾਲਿਆਂ ਨੂੰ ਖ਼ੁਦਾ ਤਆਲਾ ਦਾ ਇਹ ਪੈਗ਼ਾਮ ਪਹੁੰਚਾਉਣਾ ਸ਼ੁਰੂ ਕੀਤਾ ਕਿ ਇਸ ਦੁਨੀਆ ਦਾ ਪੈਦਾ ਕਰਨ ਵਾਲ਼ਾ ਖ਼ੁਦਾ **ਇੱਕ** ਹੈ, ਉਸਦੇ ਸਿਵਾਏ ਕੋਈ ਇਬਾਦਤ ਦੇ ਲਾਇਕ਼ ਨਹੀਂ। ਸਭ ਨਬੀ ਤੌਹੀਦ ਦਾ ਇਕ਼ਰਾਰ ਕਰਿਆ ਕਰਦੇ ਸਨ ਅਤੇ ਆਪਣੇ ਹਮ ਕ਼ੌਮ ਲੋਕਾਂ ਨੂੰ ਵੀ ਇਸੇ ਤਾਲੀਮ ਦੇ ਵੱਲ ਬੁਲਾਇਆ ਕਰਦੇ ਸਨ। ਤੁਸੀਂ ਵੀ ਖ਼ੁਦਾਇ ਵਾਹਿਦ ‘ਤੇ ਇਮਾਨ ਲਿਆਓ। ਇਨ੍ਹਾਂ ਪੱਥਰਾਂ ਦੇ ਬੁੱਤਾਂ ਨੂੰ ਛੱਡ ਦਿਓ, ਇਹ ਬਿਲਕੁਲ ਬੇਕਾਰ ਹਨ। ਤੁਸੀਂ ਦੇਖਦੇ ਨਹੀਂ ਕਿ ਖ਼ੁਦਾ ਤਆਲਾ ਦੀ ਤੌਹੀਦ ਨੂੰ ਛੱਡ ਕੇ ਤੁਹਾਡੇ **ਖ਼ਿਆਲਾਤ** ਵੀ ਗੰਦੇ ਅਤੇ **ਦਿਲ** ਵੀ ਅੰਧਿਆਰੇ ਹੋ ਗਏ ਹਨ, ਤੁਹਾਨੂੰ **ਹਲਾਲ** ਅਤੇ **ਹਰਾਮ** ਦੀ ਤਮੀਜ਼ ਨਹੀਂ ਰਹੀ, **ਚੰਗੇ** ਅਤੇ **ਮਾੜੇ** ਦੀ ਤਮੀਜ਼ ਨਹੀਂ ਕਰ ਸਕਦੇ, ਆਪਣੀਆਂ **ਮਾਵਾਂ** ਦੀ ਬੇਹੁਰਮਤੀ ਕਰਦੇ ਹੋ, ਆਪਣੀਆਂ **ਭੈਣਾਂ** ਅਤੇ **ਬੇਟੀਆਂ** ‘ਤੇ ਜ਼ੁਲਮ ਕਰਦੇ ਹੋ ਅਤੇ ਉਨ੍ਹਾਂ ਦੇ **ਹੱਕ਼** ਉਨ੍ਹਾਂ ਨੂੰ ਨਹੀਂ ਦਿੰਦੇ, ਆਪਣੀਆਂ **ਬੀਵੀਆਂ** ਨਾਲ਼ ਤੁਹਾਡਾ ਸਲੂਕ ਚੰਗਾ ਨਹੀਂ, **ਯਤੀਮਾਂ** ਦੇ ਹੱਕ਼ ਮਾਰਦੇ ਹੋ ਅਤੇ **ਵਿਧਵਾਵਾਂ** ਨਾਲ਼ ਬੁਰਾ ਸਲੂਕ ਕਰਦੇ ਹੋ। ਉਨ੍ਹਾਂ ਨੇ ਕਿਹਾ ਕਿ ਖ਼ੁਦਾ ਦੀ ਨੇੜਤਾ ਪਾਉਣ ਦਾ ਤਰੀਕ਼ਾ ਇਹ ਹੈ ਕਿ ਹਰ **ਹੱਕ਼ਦਾਰ** ਨੂੰ ਉਸ ਦਾ ਹੱਕ਼ ਦਿਓ। **ਔਰਤਾਂ** ਦੀ ਇੱਜ਼ਤ ਕਰੋ ਅਤੇ ਉਨ੍ਹਾਂ ਦੇ ਹੱਕ਼ ਅਦਾ ਕਰੋ। **ਯਤੀਮਾਂ** ਨੂੰ ਅੱਲਾਹ ਤਆਲਾ ਦੀ ਅਮਾਨਤ ਸਮਝੋ ਅਤੇ ਉਨ੍ਹਾਂ ਦੀ ਖ਼ਬਰਗੀਰੀ ਨੂੰ ਉੱਚੇ ਦਰਜੇ ਦੀ ਨੇਕੀ ਸਮਝੋ। **ਵਿਧਵਾਵਾਂ** ਦਾ ਸਹਾਰਾ ਬਣੋ। **ਇਨਸਾਫ਼** ਅਤੇ **ਅਦਲ** ਹੀ ਨਹੀਂ ਬਲਕਿ **ਰਹਿਮ** ਅਤੇ **ਅਹਿਸਾਨ** ਨੂੰ ਆਪਣਾ ਵਤੀਰਾ ਬਣਾਓ। ਜਦ ਮੱਕੇ ਦੇ ਲੋਕਾਂ ਦੀ ਰੁਚੀ ਇਸਲਾਮ ਵੱਲ ਵਧਣ ਲੱਗੀ ਤਾਂ ਇੱਕ ਦਿਨ ਮੱਕੇ ਦੇ ਸਰਦਾਰ ਜਮ੍ਹਾ ਹੋ ਕੇ ਅਬੂ ਤਾਲਿਬ ਦੇ ਕੋਲ਼ ਆਏ ਅਤੇ ਕਿਹਾ ਕਿ ਆਪ ਸਾਡੇ ਸਰਦਾਰ ਹੋ ਅਤੇ ਆਪ ਦੀ ਖ਼ਾਤਿਰ ਅਸੀਂ ਮੁਹੰਮਦ (ﷺ) ਨੂੰ ਕੁੱਝ ਨਹੀਂ ਕਹਿੰਦੇ। ਹੁਣ ਵੇਲ਼ਾ ਆ ਗਿਆ ਹੈ ਕਿ ਆਪ ਦੇ ਨਾਲ਼ ਅਸੀਂ ਆਖ਼ਰੀ ਫ਼ੈਸਲਾ ਕਰੀਏ। ਜਾਂ ਤਾਂ ਆਪ ਉਸ ਨੂੰ ਸਮਝਾਓ ਅਤੇ ਪੁੱਛੋ ਕਿ ਆਖ਼ਿਰ ਉਹ ਸਾਡੇ ਤੋਂ ਕੀ ਚਾਹੁੰਦਾ ਹੈ। ਜੇਕਰ ਉਸਦੀ ਖ਼ਾਹਿਸ਼ **ਇੱਜ਼ਤ** ਹਾਸਿਲ ਕਰਨ ਦੀ ਅਤੇ **ਦੌਲਤ** ਹਾਸਿਲ ਕਰਨ ਦੀ ਹੈ ਤਾਂ ਅਸੀਂ

ਇਸ ਦੇ ਲਈ ਤਿਆਰ ਹਾਂ। ਜੇਕਰ ਉਹ **ਵਿਆਹ** ਦੀ ਖ਼ਾਹਿਸ਼ ਰੱਖਦਾ ਹੈ ਤਾਂ ਮੱਕੇ ਦੀ ਹਰ ਲੜਕੀ ਜੋ ਉਸਨੂੰ ਪਸੰਦ ਹੋਵੇ ਉਸ ਨੂੰ ਉਸ ਨਾਲ਼ ਵਿਆਹੁਣ ਨੂੰ ਤਿਆਰ ਹਾਂ। ਅਸੀਂ ਸਿਰਫ਼ ਇੰਨਾ ਚਾਹੁੰਦੇ ਹਾਂ ਕਿ ਉਹ ਸਾਡੇ ਬੁੱਤਾਂ ਨੂੰ ਬੁਰਾ ਕਹਿਣਾ ਛੱਡ ਦੇਵੇ। ਜੇਕਰ ਉਹ ਸਾਡਾ ਮਸ਼ਵਰਾ ਨਾ ਮੰਨੇ ਤਾਂ ਫਿਰ ਦੋ ਗੱਲਾਂ ਵਿੱਚੋਂ ਇੱਕ ਹੋਵੇਗੀ, ਜਾਂ ਆਪ ਨੂੰ ਆਪਣਾ ਭਤੀਜਾ ਛੱਡਣਾ ਹੋਵੇਗਾ ਜਾਂ ਕ਼ੌਮ ਆਪ ਦੀ ਰਿਆਸਤ ਤੋਂ ਇਨਕਾਰ ਕਰ ਦੇਵੇਗੀ।

ਅਬੂ ਤਾਲਿਬ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਬੁਲਾ ਕੇ ਕਿਹਾ: ਐ ਮੇਰੇ ਭਤੀਜੇ! ਮੇਰੀ ਕ਼ੌਮ ਮੇਰੇ ਕੋਲ਼ ਇਹ ਪੈਗ਼ਾਮ ਲਿਆਈ ਹੈ। ਆਪ ﷺ ਨੇ ਫ਼ਰਮਾਇਆ ਐ ਮੇਰੇ ਚਾਚਾ! ਮੈਂ ਇਹ ਨਹੀਂ ਕਹਿੰਦਾ ਕਿ ਆਪ ਆਪਣੀ ਕ਼ੌਮ ਨੂੰ ਛੱਡ ਦਿਓ ਅਤੇ ਮੇਰਾ ਸਾਥ ਦਿਓ। ਪਰ ਮੈਨੂੰ ਖ਼ੁਦਾਇ ਵਾਹਿਦ ਲਾ ਸ਼ਰੀਕ ਦੀ ਕ਼ਸਮ ਹੈ ਕਿ ਜੇਕਰ **ਸੂਰਜ** ਨੂੰ ਮੇਰੇ ਸੱਜੇ ਹੱਥ ‘ਤੇ ਅਤੇ **ਚੰਦ** ਨੂੰ ਮੇਰੇ ਖੱਬੇ ਹੱਥ ‘ਤੇ ਲਿਆ ਕੇ ਰੱਖ ਦੇਣ ਤਦ ਵੀ ਮੈਂ ਖ਼ੁਦਾ ਤਆਲਾ ਦੀ ਤੌਹੀਦ ਦੀ ਨਸੀਹਤ ਕਰਨ ਤੋਂ ਬਾਜ਼ ਨਹੀਂ ਰਹਿ ਸਕਦਾ। ਮੈਂ ਆਪਣੇ ਕੰਮ ਵਿੱਚ ਲੱਗਾ ਰਹਾਂਗਾ ਜਦ ਤੱਕ ਖ਼ੁਦਾ ਮੈਨੂੰ ਮੌਤ ਦੇ ਦੇਵੇ। ਇਖ਼ਲਾਸ ਨਾਲ਼ ਭਰਿਆ ਹੋਇਆ ਇਹ ਜਵਾਬ ਅਬੂ ਤਾਲਿਬ ਦੀਆਂ ਅੱਖਾਂ ਖੋਲ੍ਹਣ ਦੇ ਲਈ ਕਾਫ਼ੀ ਸੀ। ਉਨ੍ਹਾਂ ਨੇ ਕਿਹਾ ਕਿ ਐ ਮੇਰੇ ਭਤੀਜੇ! ਜਾ ਅਤੇ ਆਪਣਾ ਫ਼ਰਜ਼ ਅਦਾ ਕਰਦਾ ਰਹਿ। ਜੇਕਰ ਕ਼ੌਮ ਮੈਨੂੰ ਛੱਡਣਾ ਚਾਹੁੰਦੀ ਹੈ ਤਾਂ ਬੇਸ਼ਕ ਛੱਡ ਦੇਵੇ ਮੈਂ ਤੈਨੂੰ ਨਹੀਂ ਛੱਡਾਂਗਾ।

**ਤੌਹੀਦ** ਦੇ ਕ਼ਿਆਮ ਦੇ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਸਹਾਬਾ ਕਰਾਮ ਨੇ ਮੱਕੇ ਦੇ ਕਾਫ਼ਿਰਾਂ ਦੇ ਵੱਲੋਂ ਹਰ ਕ਼ਿਸਮ ਦੇ ਜ਼ੁਲਮ ਅਤੇ ਸਿਤਮ ਨੂੰ ਬਰਦਾਸ਼ਤ ਕੀਤਾ। ਮੱਕੇ ਦੇ ਕਾਫ਼ਿਰਾਂ ਦੀ ਤਰ੍ਹਾਂ ਅੱਜ ਵੀ ਜਿਨ੍ਹਾਂ ਕ਼ੌਮਾਂ ਵਿੱਚ ਇਹ ਬੁਰਾਈਆਂ ਹਨ ਉਹ ਤੌਹੀਦ ਤੋਂ ਦੂਰੀ ਦੀ ਵਜ੍ਹਾ ਨਾਲ਼ ਹੀ ਹਨ। ਸਾਡਾ ਕੰਮ ਹੈ ਕਿ ਤੌਹੀਦ ਦਾ ਐਲਾਨ ਕਰਦੇ ਰਹੀਏ ਅਤੇ ਜਿੱਥੇ ਤੌਹੀਦ ਦੇ ਪੈਗ਼ਾਮ ਨੂੰ ਪਹੁੰਚਾਈਏ ਉੱਥੇ ਆਪਣੀ ਰੂਹਾਨੀ ਅਤੇ ਅਖ਼ਲਾਕ਼ੀ ਹਾਲਤਾਂ ਵਿੱਚ ਵੀ ਇੱਕ ਸਪਸ਼ਟ ਤਬਦੀਲੀ ਪੈਦਾ ਕਰਨ ਦੀ ਕੋਸ਼ਿਸ਼ ਕਰੀਏ। ਅੱਲਾਹ ਤਆਲਾ ਸਾਨੂੰ ਇਸ ਦੀ **ਤੌਫ਼ੀਕ਼** ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞